NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
0800 CLEANUS
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702, 0800 253 2687
www.redcleaning.co.nz

29 April 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ਚ ਵੱਡਾ ਸੜਕ ਹਾਦਸਾ, ਕਈ ਲੋਕਾਂ ਦੀ ਮੌਤ ਦਾ ਖਦਸ਼ਾ



ਤਾਉਪੇ— ਨਿਊਜ਼ੀਲੈਂਡ 'ਚ ਵੱਡਾ ਸੜਕ ਹਾਦਸਾ ਹੋਣ ਕਾਰਨ ਘੱਟੋ-ਘੱਟ 8 ਲੋਕਾਂ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਜਾਣਕਾਰੀ ਮੁਤਾਬਕ ਤਾਉਪੇ ਸ਼ਹਿਰ 'ਚ ਦੋ ਕਾਰਾਂ ਦੀ ਆਪਸ 'ਚ ਜ਼ਬਰਦਸਤ ਟੱਕਰ ਹੋਈ, ਜਿਸ 'ਚ 8 ਲੋਕਾਂ ਦੀ ਮੌਤ ਹੋ ਗਈ ਅਤੇ ਇਕ ਲੜਕਾ ਜ਼ਿੰਦਗੀ ਤੇ ਮੌਤ ਵਿਚਾਲੇ ਲੜ ਰਿਹਾ ਹੈ। ਪੁਲਸ ਮੁਤਾਬਕ, ਕੁੱਲ ਕਿੰਨੇ ਲੋਕਾਂ ਦੀ ਮੌਤ ਹੋਈ ਇਸ ਦੀ ਅਜੇ ਪੁਸ਼ਟੀ ਨਹੀਂ ਹੋ ਸਕੀ ਪਰ ਕਈ ਲੋਕਾਂ ਦੀ ਮੌਤ ਹੋਣ ਦਾ ਖਦਸ਼ਾ ਹੈ। ਉੱਥੇ ਹੀ, ਰੈਸਕਿਊ ਹੈਲੀਕਾਪਟਰ ਦੇ ਪਾਇਲਟ ਮੁਤਾਬਕ 8 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਇਕ ਲੜਕਾ ਬੁਰੀ ਤਰ੍ਹਾਂ ਜ਼ਖਮੀ ਹੈ। ਪੁਲਸ ਨੇ ਤਾਉਪੇ ਅਤੇ ਰੋਟਰੁਆ ਵਿਚਕਾਰ ਪੈਂਦੇ ਆਤੀਆਮੁਰੀ ਰੋਡ ਨੂੰ ਕੁੱਝ ਸਮੇਂ ਲਈ ਬੰਦ ਕਰ ਦਿੱਤਾ ਹੈ, ਜਿਸ ਜਗ੍ਹਾ 'ਤੇ ਇਹ ਘਟਨਾ ਵਾਪਰੀ ਹੈ। ਪੁਲਸ ਇਸ ਸਬੰਧੀ ਜਾਂਚ ਕਰ ਰਹੀ ਹੈ ਕਿ ਇਹ ਹਾਦਸਾ ਕਿਵੇਂ ਵਾਪਰਿਆ।

## ਨਿਊਜੀਲੈਂਡ 'ਚ ਪੁਲਸ ਸਟੇਸ਼ਨ ਤੋਂ ਚੋਰੀ ਕੀਤੀਆਂ ਗਈਆਂ 11 ਬੰਦੂਕਾਂ 'ਚੋਂ 8 ਬਰਾਮਦ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਪਾਮਸਟਰਨ ਨੌਰਥ ਪੁਲਸ ਸਟੇਸ਼ਨ ਤੋਂ ਚੋਰੀ ਕੀਤੀਆਂ ਗਈਆਂ 11 ਬੰਦੂਕਾਂ 'ਚੋਂ ਪੁਲਿਸ ਨੇ 8 ਬਰਾਮਦ ਕਰ ਲਈਆਂ ਹਨ।ਸੈਂਟਰਲ ਜਿਲਾ ਕਮਾਂਡਰ ਸਾਰਾਹ ਸਟੂਅਰਟ ਨੇ ਦੱਸਿਆ ਕਿ ਬਾਕੀ ਰਹਿੰਦੀਆਂ 3 ਬੰਦੂਕਾਂ ਨੂੰ ਵੀ ਜਲਦੀ ਹੀ ਬਰਾਮਦ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਚੋਰੀ ਦੇ 11 ਹਥਿਆਰਾਂ ਵਿਚੋਂ ਇਕ, ਨਵੇਂ ਸਰਕਾਰੀ ਕਾਨੂੰਨ ਤਹਿਤ ਗ਼ੈਰਕਾਨੂੰਨੀ ਸੀ ਅਤੇ ਅੱਜ ਜੋ



ਅੱਠ ਹਥਿਆਰ ਬਰਾਮਦ ਕੀਤੇ ਗਏ ਹਨ ਉਨ੍ਹਾਂ ਵਿੱਚ ਉਹ ਵੀ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਪੁਲਿਸ ਹਥਿਆਰਾਂ ਨੂੰ ਸੁਰੱਖਿਅਤ ਕਰਨ 'ਤੇ ਬਹੁਤ ਧਿਆਨ ਕੇਂਦਰਤ ਕਰ ਰਹੀ ਹੈ। ਤਿੰਨ ਬਾਕੀ ਰਹਿੰਦੀਆਂ ਬੰਦੂਕਾਂ ਨੂੰ ਲੱਭਣਾ ਵੀ ਪੁਲਿਸ ਲਈ ਬਹੁਤ ਜਰੂਰੀ ਹੈ। ਇਸ 'ਤੇ ਪੁਲਿਸ ਦੀ ਪ੍ਰਤਿਸ਼ਠਾ ਵੀ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜੇ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਉਹ ਸਿੱਧੇ 0800 351 3600 'ਤੇ ਪਾਮਰਸਟਨ ਨਾਰਥ ਪੁਲਿਸ ਨਾਲ ਗੱਲ ਕਰ ਸਕਦਾ ਹੈ, ਜਾਂ 0800 555 111' ਤੇ ਵੀ ਗੁਪਤ ਤਰੀਕੇ ਨਾਲ ਦੱਸਿਆ ਜਾ ਸਕਦਾ ਹੈ।

ਉਸ ਨੇ ਕਿਹਾ, "ਜਾਂਚ ਟੀਮ ਨੇ ਪੂਰੇ ਹਫਤੇ ਦੌਰਾਨ ਪੂਰੀ ਤਰ੍ਹਾਂ ਕੰਮ ਕੀਤਾ ਹੈ ਅਤੇ ਉਹ ਅਜਿਹਾ ਕਰਦੇ ਰਹਿਣਗੇ।"

ਇਸ ਸਬੰਧੀ ਗ੍ਰਿਫਤਾਰ 38 ਸਾਲਾ ਵਿਅਕਤੀ, ਐਲਨ ਜੇਮਜ਼ ਹੈਰਿਸ, ਪਾਲਰਸਟਨ ਨਾਰਥ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਉਸ ਨੂੰ 21 ਮਈ ਤਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ।

## ਬੇ-ਆਫ ਪਲੈਂਟੀ (ਟੌਰੰਗਾ) ਵਿਖੇ ਕਾਰ ਪਾਰਕ 'ਚੋਂ ਮਿਲੀ ਨੌਜਵਾਨ ਦੀ ਲਾਸ਼

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਬੇ-ਆਫ ਪਲੈਂਟੀ (ਟੌਰੰਗਾ) ਵਿਖੇ ਕਾਰ ਪਾਰਕ 'ਚੋਂ ਨੌਜਵਾਨ ਦੀ ਲਾਸ਼ ਮਿਲਣ ਦੀ ਖਬਰ ਹੈ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ, 40 ਵਰ੍ਹਿਆਂ ਦੀ ਉਮਰ ਦਾ ਮੰਨਿਆ ਜਾ ਸਕਦਾ ਹੈ। ਇਸ ਸਬੰਧੀ ਸਵੇਰੇ 9 ਵਜੇ Hikuwai Beach ਨੇੜੇ Opotiki ਤੋਂ ਸਥਾਨਿਕ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ।ਮ੍ਰਿਤਕ ਦੇ ਪਰਿਵਾਰ ਨੂੰ ਸੂਚਿਤ ਕੀਤਾ ਗਿਆ ਹੈ। ਡਿਟੈਕਟਿਵ ਸੀਨੀਅਰ ਸਾਰਜੈਂਟ ਗਰਗ ਸਟੈਡੇਨ ਨੇ ਕਿਹਾ ਕਿ ਮੌਤ ਨੂੰ "ਅਸਪਸ਼ਟ" ਸਮਝਿਆ ਜਾ ਰਿਹਾ ਹੈ ਅਤੇ ਜਾਂਚ ਚੱਲ ਰਹੀ ਹੈ। ਪੁਲਿਸ ਨੇ ਉਸ ਖੇਤਰ ਨੂੰ ਜਿੱਥੇ ਉਸ ਦੀ ਲਾਸ਼ ਪਾਈ ਗਈ ਸੀ ਅਤੇ ਪੁੱਛਗਿੱਛ ਕਾਰਨ ਕੁੱਝ ਦਿਨਾਂ ਲਈ ਜਨਤਕ ਤੌਰ 'ਤੇ ਬੰਦ ਕਰ ਦਿੱਤਾ ਹੈ।

## ਗੁੰਮ ਹੋਈ 22 ਸਾਲਾ ਲੜਕੀ ਦੀ ਲਾਸ਼ ਮਿਲੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) HawkeÕs Bay çÆ Autumn Sciascia. ਨੂੰ ਸਹੀ ਸਲਾਮਤ ਉਸ ਦੇ ਪਰਿਵਾਰ ਤੱਕ ਪਹੁੰਚਾਉਣ'ਚ ਪੁਲਿਸ ਨਾਕਾਮ ਰਹੀ ਹੈ ਅਤੇ ਅੱਜ ਇਸ ਦੀ ਲਾਸ਼ ਪੁਲਿਸ ਨੇ ਬਾਰਾਮਦ ਕੀਤੀ ਹੈ। 22 ਸਾਲਾ ਦੀ ਇਸ ਲੜਕੀ ਦੀ ਕਾਰ ਗੁੰਮ ਹੋਣ ਵਾਲੇ ਦਿਨ ਹੀ Waipukurau å ° Wilder Road ਰੋਡ 'ਤੇ ਖੜੀ ਮਿਲੀ ਸੀ। ਉਸ ਦੇ ਗੁੰਮ ਹੋਣ ਦੇ ਖੇਤਰ ਵਿੱਚ ਪੁਲਿਸ ਵੱਲੋਂ ਇੱਕ ਹੈਲੀਕਾਪਟਰ ਤਾਇਨਾਤ ਕੀਤਾ ਸੀ। Autumn Sciascia ਸੁੰਦਰ ਦਿਖਣ ਵਾਲੀ, ਲੰਬੇ ਕਾਲੇ ਵਾਲੀ ਇੱਕ ਮੱਧਮ ਸਰੀਰ ਦੀ ਸੀ।ਉਸਦੇ ਕਤਲ ਦੇ ਕਾਰਨਾਂ ਦੀ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਹੈ।

## ਜੇਲ੍ਹ 'ਚ ਗੈਂਗਸਟਰਾਂ ਦੀਆਂ ਐਸ਼ਾਂ, ਟਿੱਕ-ਟੌਕ ਵੀਡੀਓ ਵਾਇਰਲ

ਹੁਸ਼ਿਆਰਪੁਰ : ਆਏ ਦਿਨ ਹੀ ਜੇਲ੍ਹਾਂ ਵਿੱਚੋਂ ਮੋਬਾਈਲ ਫੋਨ ਤੇ ਵੀਡੀਓ-ਤਸਵੀਰਾਂ ਵਾਇਰਲ ਹੁੰਦੀਆਂ ਰਹਿੰਦੀਆਂ ਹਨ।ਇਸ ਨਾਲ ਪ੍ਰਸ਼ਾਸਨ ਦੇ ਸੁਰੱਖਿਆ ਇੰਤਜ਼ਾਮਾਂ ਦੀ ਪੋਲ ਖੁੱਲ੍ਹ ਜਾਂਦੀ ਹੈ।ਤਾਜ਼ਾ ਮਾਮਲਾ ਹੁਸ਼ਿਆਰਪੁਰ ਦੀ ਕੇਂਦਰੀ ਜੇਲ੍ਹ ਦਾ ਹੈ।ਇੱਥੇ ਬੰਦ ਤਿੰਨ ਗੈਂਗਸਟਰਾਂ ਦਾ ਵੀਡੀਓ ਟਿੱਕ-ਟੌਕ 'ਤੇ ਵਾਇਰਲ ਹੋ ਗਿਆ ਹੈ।ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਵੀਡੀਓ 18 ਅਪਰੈਲ ਨੂੰ ਅਪਲੋਡ ਹੋਇਆ ਹੈ।ਇਹ ਤਿੰਨੇ ਕੈਦੀ ਕਤਲ ਦੇ ਕੇਸ 'ਚ ਜੇਲ੍ਹ 'ਚ ਬੰਦ ਹਨ ਜਿਨ੍ਹਾਂ ਨੂੰ ਦੁਬਈ ਤੋਂ ਪੰਜਾਬ ਲਿਆਂਦਾ ਗਿਆ ਹੈ।ਟਿੱਕ ਟੌਕ 'ਤੇ ਗੈਂਗਸਟਰ ਜਯੋਤੀ, ਮੰਨਾ ਤੇ ਉਸ ਦੇ ਸਾਥੀ ਜੱਗੇ ਦੀ ਵੀਡੀਓ ਵਾਇਰਲ ਹੋ ਰਹੀ ਹੈ।ਇਹ ਤਿੰਨੇ ਜੇਲ੍ਹ ਦੀ ਬੈਰਕ ਨੰਬਰ ਇੱਕ 'ਚ ਬੰਦ ਹਨ। ਇਸ ਤੋਂ ਬਾਅਦ ਸਵਾਲ ਉੱਠਦਾ ਹੈ ਕਿ ਤਿੰਨਾਂ ਕੋਲ ਫੋਨ ਕਿੱਥੋਂ ਆਇਆ, ਜੇਲ੍ਹ ਦੇ ਅੰਦਰ ਦਾ ਵੀਡੀਓ ਵਾਇਰਲ ਕਿਵੇਂ ਹੋਇਆ, ਇਸ ਵੀਡੀਓ ਨੂੰ ਜੇਲ੍ਹ ਵਿੱਚੋਂ ਅਪਲੋਡ ਕੀਤਾ ਗਿਆ ਤਾਂ ਕਿਵੇਂ।ਜਦੋਂ ਇਸ ਬਾਰੇ ਜ਼ਿਲ੍ਹਾ ਪੁਲਿਸ ਐਸਐਸਪੀ ਜੇਐਲ ਚੇਲੀਅਨ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਇਸ ਵੀਡੀਓ ਬਾਰੇ ਉਹ ਜਾਂਚ ਰਕੇ ਰਹੇ ਹਨ ਤੇ ਜੋ ਵੀ ਦੋਸ਼ੀ ਪਾਇਆ ਜਾਵੇਗਾ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

## ਨਿਊਜ਼ੀਲੈਂਡ, ਫਰਾਂਸ ਨੇ ਅੱਤਵਾਦ ਨੂੰ ਵਾਧਾ ਦੇਣ ਦੀਆਂ ਆਨਲਾਈਨ ਕੋਸ਼ਿਸ਼ਾਂ ਨਾਕਾਮ ਕਰਨ ਦੀ ਦਿਸ਼ਾ ਚ ਵਧਾਇਆ ਕਦਮ

ਵੇਲਿੰਗਟਨ — ਨਿਊਜ਼ੀਲੈਂਡ ਅਤੇ ਫਰਾਂਸ ਨੇ ਅੱਤਵਾਦ ਅਤੇ ਹਿੰਸਾ ਨੂੰ ਵਾਧਾ ਦੇਣ ਅਤੇ ਸਪਾਂਸਰ ਕਰਨ ਦੀ ਸੋਸ਼ਲ ਮੀਡੀਆ ਦੀ ਸਮਰੱਥਾ ਖਤਮ ਕਰਨ ਦੀ ਕੋਸ਼ਿਸ਼ ਦੇ ਤਹਿਤ ਦੇਸ਼ਾਂ ਅਤੇ ਤਕਨੀਕੀ ਕੰਪਨੀਆਂ ਨੂੰ ਇਕੱਠੇ ਲਿਆਉਣ ਲਈ ਬੁੱਧਵਾਰ ਨੂੰ ਸੰਯੁਕਤ ਉਪਰਾਲੇ ਕਰਨ ਦਾ ਐਲਾਨ ਕੀਤਾ ਹੈ। ਇਹ ਬੈਠਕ 15 ਮਈ ਨੂੰ ਪੈਰਿਸ ਵਿਚ ਹੋਵੇਗੀ ਅਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਇਸ ਦੀ ਸਹਿ-ਪ੍ਰਧਾਨਗੀ ਕਰਨਗੇ। ਅਰਡਰਨ ਨੇ ਕਿਹਾ ਕਿ ਕ੍ਰਾਇਸਟਚਰਚ 'ਚ 15 ਮਾਰਚ ਨੂੰ 2 ਮਸਜ਼ਿਦਾ 'ਚ ਹੋਏ ਹਮਲੇ 'ਚ ਸੋਸ਼ਲ ਮੀਡੀਆ ਦਾ ਇਸਤੇਮਾਲ ਅੱਤਵਾਦ ਅਤੇ ਨਫਰਤ ਨੂੰ



ਪ੍ਰੋਤਸਾਹਿਤ ਕਰਨ ਦੇ ਜ਼ਰੀਏ ਦੇ ਤੌਰ 'ਤੇ ਅਸਾਧਾਰਨ ਤਰੀਕੇ ਨਾਲ ਇਸਤੇਮਾਲ ਕੀਤਾ ਗਿਆ। ਇਸ ਹਮਲੇ ਵਿਚ 50 ਮੁਸਲਮਾਨਾਂ ਦੀ ਮੌਤ ਹੋ ਗਈ ਸੀ। ਹਮਲਾਵਰਾਂ ਨੇ ਇਨ੍ਹਾਂ ਹਮਲਿਆਂ ਦਾ ਇੰਟਰਨੈੱਟ 'ਤੇ ਲਾਈਵ ਪ੍ਰਸਾਰਨ ਕੀਤਾ ਸੀ। ਅਰਡਰਨ ਨੇ ਕਿਹਾ, ' ਅਸੀਂ ਤਕਨੀਕੀ ਕੰਪਨੀਆਂ ਦੇ ਪ੍ਰਮੁੱਖਾਂ ਨੂੰ ਪੈਰਿਸ 'ਚ ਕ੍ਰਾਇਸਟਚਰਚ ਸਿਖਰ ਸੰਮੇਲਨ 'ਚ ਆਨ ਲਾਈਨ ਹਿੰਸਕ ਅੱਤਵਾਦ ਨੂੰ ਖਤਮ ਕਰਨ ਦੇ ਸਾਡੇ ਟੀਚੇ ਨੂੰ ਹਾਸਲ ਕਰਨ 'ਚ ਮਦਦ ਕਰਨ ਅਤੇ ਸਾਡੇ ਨਾਲ ਜੁੜਣ ਦੀ ਅਪੀਲ ਕੀਤੀ ਹੈ।' ਇਸ ਬੈਠਕ ਦੇ ਨਾਲ-ਨਾਲ 15 ਮਈ ਨੂੰ ਜੀ7 ਡਿਜੀਟਲ ਮੰਤਰੀਆਂ ਦੀ ਟੇਕ ਫਾਰ ਹਿਊਮੈਨਿਟੀ' ਬੈਠਕ ਹੋਵੇਗੀ ਅਤੇ ਫਰਾਂਸ ਦਾ ਵੀ ਇਕ ਵੱਖਰਾ 'ਟੇਕ ਫਾਰ ਗੁੱਡ' ਸਿਖਰ ਸੰਮੇਲਨ ਹੋਵੇਗਾ।

## ਪੰਜਾਬ 'ਚ ਹਰ ਚਾਰ ਦਿਨਾਂ ਦੌਰਾਨ ਇਕ ਕਿਸਾਨ ਕਰ ਰਿਹੈ ਖ਼ੁਦਕੁਸ਼ੀ

ਚੰਡੀਗੜ੍ਹ : ਆਰ. ਟੀ. ਆਈ. ਤੋਂ ਮਿਲੀ ਜਾਣਕਾਰੀ ਤੋਂ ਖੁਲਾਸਾ ਹੋਇਆ ਹੈ ਕਿ ਪੰਜਾਬ 'ਚ ਸਰਕਾਰ ਕਾਂਗਰਸ ਦੀ ਹੋਵੇ ਜਾਂ ਅਕਾਲੀ-ਭਾਜਪਾ ਗਠਜੋੜ ਦੀ, ਹਰ ਚਾਰ ਦਿਨ 'ਚ ਇਕ ਕਿਸਾਨ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ। ਆਰ. ਟੀ. ਆਈ. ਵਰਕਰ ਰੋਹਿਤ ਸੱਭਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਚੀਫ ਸਕੱਤਰੇਤ ਦਫਤਰ ਚੰਡੀਗੜ੍ਹ 'ਚ ਆਰ. ਟੀ. ਆਈ. ਪਾ ਕੇ ਜਾਣਕਾਰੀ ਮੰਗੀ ਸੀ ਕਿ 1 ਜਨਵਰੀ 2010 ਤੋਂ ਮਾਰਚ 2019 ਦੌਰਾਨ ਸੂਬੇ ਦੇ ਕਿੰਨੇ ਕਿਸਾਨਾਂ ਨੇ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕੀਤੀ ਹੈ।ਇਸ ਸਬੰਧੀ ਉਨ੍ਹਾਂ ਨੂੰ ਜੋ ਜਾਣਕਾਰੀ ਮੌਜੂਦਾ ਸਰਕਾਰ ਦੇ ਦਫਤਰ ਤੋਂ ਮੁਹੱਈਆ ਕਰਵਾਈ ਗਈ, ਉਸ 'ਚ ਬਾਕਾਇਦਾ ਦੱਸਿਆ ਗਿਆ ਹੈ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਲੁਧਿਆਣਾ ਵਲੋਂ ਕੀਤੇ ਗਏ ਸਰਵੇ ਮੁਤਾਬਕ ਸਾਲ 2010 'ਚ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ 153 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ, ਜਦੋਂਕਿ ਸਾਲ 2011 'ਚ 65 ਕਿਸਾਨਾਂ ਵਲੋਂ, ਜਨਵਰੀ 2012 ਤੋਂ 31 ਮਾਰਚ 2013 ਇਸ ਇਕ ਸਾਲ 'ਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦਾ ਡਾਟਾ ਸੂਚੀ 'ਚ ਸ਼ਾਮਲ ਨਹੀਂ ਹੈ, ਜਿਸ ਨਾਲ ਸਬੰਧਤ ਵਿਭਾਗ ਦੇ ਡਿਪਟੀ ਕਮਿਸ਼ਨਰ ਵੈਰੀਫਾਈ ਕਰਵਾ ਰਹੇ ਹਨ।ਅੰਕੜਿਆਂ ਮੁਤਾਬਕ ਸਾਲ 2013 'ਚ 28, ਸਾਲ 2014 'ਚ 66, ਸਾਲ 2015 'ਚ 160, ਸਾਲ 2016 'ਚ 212, ਸਾਲ 2017 'ਚ 129, ਸਾਲ 2018 'ਚ 19, ਇਨ੍ਹਾਂ ਅੰਕੜਿਆਂ ਮੁਤਾਬਕ ਇਨ੍ਹਾਂ 8 ਸਾਲਾਂ 'ਚ ਹੁਣ ਤਕ 832 ਕਿਸਾਨਾਂ ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ ਹੈ। ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਸਾਲ 2016 'ਚ ਸਭ ਤੋਂ ਜ਼ਿਆਦਾ 212 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ, ਜਦੋਂਕਿ ਸਾਲ 2018 'ਚ ਘੱਟੋ-ਘੱਟ 19 ਕਿਸਾਨ ਖੁਦਕੁਸ਼ੀਆਂ ਕਰ ਗਏ। ਰੋਹਿਤ ਸੱਭਰਵਾਲ ਨੇ ਕਿਹਾ ਕਿ ਸਰਕਾਰ ਵਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਪੰਜਾਬ 'ਚ ਹਰ ਚਾਰ ਦਿਨ 'ਚ ਕਰਜ਼ੇ ਤੋਂ ਤੰਗ ਆ ਕੇ ਇਕ ਕਿਸਾਨ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਤਾ ਲਗਦਾ ਹੈ ਕਿ ਸੂਬੇ 'ਚ ਸਰਕਾਰ ਕਿਸੇ ਦੀ ਵੀ ਹੋਵੇ, ਚੋਣਾਂ ਦੌਰਾਨ ਸੱਤਾ ਹਾਸਲ ਕਰਨ ਲਈ ਪਾਰਟੀਆਂ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੇ ਸਿਰਫ ਲੁਭਾਉਣੇ ਸੁਪਨੇ ਦਿਖਾਉਂਦੀਆਂ ਹਨ, ਸੱਤਾ 'ਚ ਆਉਣ ਤੋਂ ਬਾਅਦ ਉਨ੍ਹਾਂ ਦੇ ਕਰਜ਼ ਮੁਆਫੀ ਵਰਗੇ ਮੁੱਦਿਆਂ ਨੂੰ ਭੁੱਲ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਇਹ ਸਰਕਾਰੀ ਅੰਕੜੇ ਹਨ, ਜੋ ਸਰਕਾਰ ਦੇ ਦਫਤਰ 'ਚੋਂ ਮੁਹੱਈਆ ਹਨ, ਜਦੋਂਕਿ ਮਰਨ ਵਾਲੇ ਕਿਸਾਨਾਂ ਦੀ ਗਿਣਤੀ ਇਨ੍ਹਾਂ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ।

## ਬਦਲਿਆ ਪੱਗ ਬੰਨ੍ਹਣ ਦਾ ਅੰਦਾਜ਼

### ਆਧੁਨਿਕ ਰੰਗਤ

### ਵੰਡ ਤੋਂ ਪਹਿਲਾਂ ਤਰਨਤਾਰਨ 'ਚ ਹੁੰਦਾ ਸੀ ਲਲਾਰੀਆਂ ਦਾ ਬਜ਼ਾਰ



ਆਕਲੈਂਡ : ਜੱਟ ਯਮਲੇ ਦੀ ਤੁਰਲੇ ਵਾਲੀ ਪੱਗ, ਦਰੋਗੇ ਵਾਲੀ ਪੱਗ ਤੇ ਹੁਣ ਪੱਗ ਦਾ ਅੰਦਾਜ਼ ਬਣਲ ਗਿਆ ਹੈ ਤੇ ਇਸ ਤੋਂ ਹਰ ਕੋਈ ਜਾਣੂੰ ਹੈ। ਕੁਝ ਸਮਾਂ ਪਹਿਲਾਂ ਲੋਕ ਮਾਇਆ ਵਾਲੀ ਪੱਗ ਬੰਨਣੇ ਸਨ, ਪਰ ਜ਼ਮਾਨੇ ਦੀ ਬਦਲਦੀ ਚਾਲ ਕਰਕ ਹੁਣ ਨੌਜਵਾਨਾਂ ਦੀ ਪਹਿਲੀ ਪਸੰਦ ਪੋਚਵੀਂ ਪੱਗ ਤੇ ਪਟਿਆਲਵੀ ਪੱਗ ਨੇ ਲੈ ਲਈ ਹੈ। ਨਤੀਜਾ ਇਹ ਹੋਇਆ ਹੈ ਕਿ ਪੱਗਾਂ ਰੰਗਣ ਵਾਲੇ ਲਲਾਰੀਆਂ ਨੂੰ ਰੋਟੀ ਦੇ ਲਾਲੇ ਪੈ ਗਏ ਹਨ। ਇੱਕ ਜ਼ਮਾਨਾ ਸੀ ਜਦ ਪੱਗਾਂ ਰੰਗਣ ਵਾਲੇ ਲਲਾਰੀਆਂ ਨੂੰ ਰਾਜ ਦਰਬਾਰ ਵਿਚ ਵੀ ਸਨਮਾਨ ਦਿੱਤਾ ਜਾਂਦਾ ਸੀ। ਲਲਾਰਬੀਆਂ ਪੱਗਾਂ ਨੂੰ ਮਾਇਆ ਲਗਾਉਂਦੇ ਸਨ ਤੇ ਇਹ ਪੱਗ ਕਈ ਕਈ ਦਿਨ ਬੱਝੀ ਰਹਿੰਦੀ ਸੀ। ਉਸ ਸਮੇਂ ਫੁੱਲਾਂ ਵਾਲੀ ਪੱਗ, ਕਾਗਜ਼ੀ ਪੱਗ, ਚਮਕੀਲੀ ਪੱਗ, ਨੋਕਦਾਰ ਪੱਗ ਦੇ ਨਾਲ ਨਾਲ ਚੁੰਨੀਆਂ ਨੂੰ ਵੀ ਮਾਇਆ ਲਗਾਈ ਜਾਂਦੀ ਸੀ। ਅੱਜ ਦੀ ਜ਼ਮਾਨੇ ਵਿਚ ਪ੍ਰਿੰਟ, ਜਾਲੀਦਾਰ, ਫੁੱਲਦਾਰ, ਕੋਡੀਆਂ ਵਾਲੇ ਅਤੇ ਘੰਗਰੂਆਂ ਵਾਲੇ ਦੁੱਪਟੇ ਮੁਟਿਆਰਾਂ ਦੀ ਪਹਿਲੀ ਪਸੰਦ ਹਨ। ਹੁਣ ਨੌਜਵਾਨਾਂ ਵੱਲੋਂ ਆਧੁਨਿਕ ਢੰਗ ਨਾਲ ਪੱਗ ਬੰਨੀ ਜਾ ਰਹੀ ਹੈ। ਭਾਰਤ ਦੀ ਆਜ਼ਾਦੀ ਸਮੇਂ ਤਰਨਤਾਰਨ ਵਿਚ ਲਲਾਰੀਆਂ ਦਾ ਬਜ਼ਾਰ ਹੋਇਆ ਕਰਦਾ ਸੀ। ਹੁਣ ਇਹ ਲਲਾਰੀ ਰੋਜ਼ੀ ਰੋਟੀ ਲਈ ਜੂਝ ਰਹੇ ਹਨ। ਕੁਝ ਲਲਾਰੀਆਂ ਨੇ ਹੁਣ ਦੁਪਟਿਆਂ ਦੀ ਰੰਗਾਈ ਦਾ ਕੰਮ ਸ਼ੁਰੂ ਕਰ ਲਿਆ ਹੈ। ਪੱਗਾਂ ਦੀ ਜੇ ਗੱਲ ਕਰੀਏ ਤਾਂ ਇੱਕ ਜ਼ਮਾਨਾਂ ਸੀ ਜਦ ਅੰਮ੍ਰਿਤਸਰੀਆ ਪੱਗ ਦੀ ਵੱਖਰੀ ਪਛਾਣ ਹੁੰਦੀ ਸੀ। ਇਨ੍ਹਾਂ ਪੱਗਾਂ ਦੀ ਖਾਸੀਅਤ ਇਹ ਸੀ ਕਿ ਇੱਕ ਵਾਰ ਬੰਨ੍ਹਣ ਨਾਲ ਪੰਦਰਾ ਪੰਦਰਾ ਦਿਨ ਤੱਕ ਕੰਮ ਚਲਦਾ ਰਹਿੰਦਾ ਸੀ। ਦਰੋਗੇ ਵੱਲੋਂ ਬੰਨ੍ਹੀ ਜਾਣ ਵਾਲੀ ਪੱਗ ਭਾਵੇਂ ਕੁਝ ਸਮੇਂ ਬਾਅਦ ਡਾਕੀਏ ਦੀ ਪੱਗ ਵਿਚ ਬਦਲ ਗਈ ਪਰ ਹੁਣ ਉਹ ਕਿਤੇ ਨਜ਼ਰੀ ਨਹੀਂ ਆਉਂਦੀ। ਪੱਗ ਦਾ ਬਦਲਿਆ ਅੰਦਾਜ਼ ਭਾਵੇਂ ਸਭ ਦੇ ਸਾਹਮਣੇ ਹੈ ਪਰ ਦੇਸ਼ ਦੀ ਗੌਰਵ ਵਾਲੀ ਗੱਲ ਇਹ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਅੱਜ ਵੀ ਮਾਇਆ ਵਾਲੀ ਪੱਗ ਬੰਨ੍ਹਦੇ ਹਨ।